


ਸੰਪਾਦਕ ਜੀ,

***ਵਾਹਿਗੁਰੂ ਜੀ ਕਾ ਖਾਲਸਾ।***
***ਵਾਹਿਗੁਰੂ ਜੀ ਕੀ ਫਤਹਿ॥***
ਵੈਸੇ ਤਾਂ ਸਾਰਾ ਹੀ ਮੈਗਜ਼ੀਨ ਸੋਹਣਾ ਹੈ ਅਤੇ ਮਾਸਟਰ ਜੀ ਦੀ ਯਾਦ ਕਰਾਉਂਦਾ ਹੈ ਪਰ ਇਕ ਬੇਨਤੀ ਹੈ ਕਿ ਪਹਿਲਾਂ ***ਸੰਤ ਸਿਪਾਹੀ*** ਵਿਚ ਭਾਈ ਚਾਰਕ ਸਮਾਚਾਰ ਅਤੇ ਸਵਾਲ-ਜਵਾਬ ਛਪਦੇ ਸਨ।ਉਹ ਜ਼ਰੂਰ ਸ਼ੁਰੂ ਕਰੋ।ਇਸ ਨਾਲ ਪਾਠਕਾਂ ਦਾ ਰਿਸ਼ਤਾ ***ਸੰਤ ਸਿਪਾਹੀ*** ਪਰਿਵਾਰ ਨਾਲ ਹੋਰ ਡੂੰਘਾ ਹੋਵੇਗਾ।

*ਅਵਤਾਰ ਸਿੰਘ*
*ਜੰਮੂ*

ਸੰਪਾਦਕ ਜੀ

***ਵਾਹਿਗੁਰੂ ਜੀ ਕਾ ਖਾਲਸਾ।***
***ਵਾਹਿਗੁਰੂ ਜੀ ਕੀ ਫਤਹਿ॥***
***ਸੰਤ ਸਿਪਾਹੀ*** ਵਲੋਂ ਪੰਥਕ ਮਸਲੇ ਲਗਾਤਾਰ ਚੁਕਣ ਨਾਲ ਆਸ ਹੈ ਕਿ ਸੁਧਾਰ ਲਹਿਰ ਨੂੰ ਬਲ ਮਿਲੇਗਾ। ਇਕ ਗੰਭੀਰ ਟਿੱਪਣੀ ਹੈ, ***ਵਾਹਿਗੁਰੂ*** ਮਾਫ਼ੀ ਦਵੇ। ਪਰ ਦੁਖ ਹੁੰਦਾ ਹੈ ਜਦੋਂ ਸਾਡੇ ਰਾਗੀ ਹੀ ਦਾੜ੍ਹਾ ਰੰਗਣ ਅਤੇ ਦਾੜ੍ਹੀ ਨੂੰ ਸੈਟ ਕਰਾਉਣ ਤੱਕ ਦੀ ਕੁੱਰਹਿਤ ਕਰ ਦਿੰਦੇ ਹਨ ਤੇ ਪ੍ਰਬੰਧਕ ਇਹ ਸਭ ਵੇਖ ਕੇ ਚੁਪ ਕੀਤੇ ਰਹਿੰਦੇ ਹਨ।

ਇਕ ਪਾਸੇ ਤਾਂ ਗੈਰ ਸਿਖ ਨੂੰ ਗੁਰਦੁਆਰਿਆਂ ਵਿਚ ਕੀਰਤਨ ਕਰਨ ਦੀ ਇਜਾਜ਼ਤ ਨਹੀਂ ਤੇ ਦੂਸਰੇ ਪਾਸੇ ਸਿਖ ਕੀਰਤਨੀਏ ਹੀ ਪਤਿਤਪੁਣੇ ਵਲ ਜਾਂਦੀ ਕੁਰਹਿਤ ਕਰਨ ਤਾਂ ਕੀ ਬਣੇਗਾ।

ਸੰਪਾਦਕ ਜੀ,

***ਵਾਹਿਗੁਰੂ ਜੀ ਕਾ ਖਾਲਸਾ।***
***ਵਾਹਿਗੁਰੂ ਜੀ ਕੀ ਫਤਹਿ॥***
ਜੂਨ 2008 ਦੇ ***ਸੰਤ ਸਿਪਾਹੀ*** ਦੇ ਪੰਨਾ 2 ਤੇ ਆਪ ਜੀ ਨੇ ਦਸਮ ਗ੍ਰੰਥ ਦੀ ਉਹ ਨਾਯਾਬ ਤਸਵੀਰ ਛਾਪੀ ਹੈ ਜੋ ***ਦਸਮ ਗ੍ਰੰਥ*** ਸੰਮਤ ੧੭੫੫ (1698 AD) ਵਿਚ ਲਿਖਿਆ ਗਿਆ ਸੀ ਤੇ ਹੁਣ ਪਟਨਾ ਸਾਹਿਬ ਵਿਚ ਸੁਸ਼ੋਭਿਤ ਪਿਆ ਹੈ।

***ਸ੍ਰੀ ਦਸਮ ਗ੍ਰੰਥ ਸਾਹਿਬ ਜੀ*** ਦੀ ਇਹ ਬੀੜ ਖਾਲਸੇ ਦੀ ਸਿਰਜਨਾ ਤੋਂ ਇਕ ਸਾਲ ਪਹਿਲਾਂ ਦੀ ਹੈ।

ਸਮਝ ਨਹੀਂ ਆਉਂਦੀ ਕਿ ਪ੍ਰੋ. ਦਰਸ਼ਨ ਸਿੰਘ ਰਾਗੀ ਕਿਸ ਆਧਾਰ ਤੇ ਇਹ ਕੂੜ ਪ੍ਰਚਾਰ ਕਰ ਰਹੇ ਹਨ ਕਿ ***ਦਸਮ ਗ੍ਰੰਥ*** ਤਾਂ ਅੰਗਰੇਜ਼ ਲੈ ਕੇ ਆਏ।

ਆਪ ਜੀ ਵਲੋਂ ਦਿੱਤੀ ਹੋਈ ***ਦਸਮ ਗ੍ਰੰਥ ਸਾਹਿਬ ਜੀ*** ਇਹ ਤਸਵੀਰ ਐਸੇ ਕੁਫਰ ਦਾ ਪ੍ਰਚਾਰ ਕਰਨ ਵਾਲਿਆਂ ਦਾ ਮੂੰਹ ਬੰਦ ਕਰੇਗੀ।

*ਸਤਵਿੰਦਰ ਸਿੰਘ*
*ਦਿੱਲੀ।*

**ਦੇਸ਼ ਲਈ ਚੰਦਿਆਂ ਦਾ ਵੇਰਵਾ—**

| | |
|---|---|
| ਇੱਕ ਕਾਪੀ | 15 ਰੁਪਏ |
| ਸਾਲਾਨਾ | 170 ਰੁਪਏ |
| ਦੋ ਸਾਲ | 320 ਰੁਪਏ |
| ਤਿੰਨ ਸਾਲ | 450 ਰੁਪਏ |
| ਪੰਜ ਸਾਲ | 750 ਰੁਪਏ |
| ਜੀਵਨ ਸਾਥੀ (15 ਸਾਲ) | 2100 ਰੁਪਏ |

| **ਵਿਦੇਸ਼ਾਂ ਲਈ ਵੇਰਵਾ** (ਹਵਾਈ ਡਾਕ ਰਾਹੀਂ) | **ਯੂ.ਐਸ.ਏ.** | **ਯੂ.ਕੇ.** | **ਰੁਪਏ** |
|---|---|---|---|
| ਇੱਕ ਸਾਲ | 40 ਡਾਲਰ | 30 ਪੌਂਡ | 1800 |
| ਤਿੰਨ ਸਾਲ | 100 ਡਾਲਰ | 75 ਪੌਂਡ | 4500 |
| ਪੰਜ ਸਾਲ | 175 ਡਾਲਰ | 125 ਪੌਂਡ | 7000 |
| ਜੀਵਨ ਮੈਂਬਰ (15 ਸਾਲ) | 500 ਡਾਲਰ | 350 ਪੌਂਡ | 20000 |

*ਪ੍ਰਿੰਟਰ ਤੇ ਪ੍ਰਕਾਸ਼ਕ **ਗੁਰਚਰਨਜੀਤ ਸਿੰਘ ਲਾਂਬਾ** ਨੇ ਪ੍ਰਿੰਟਵੈੱਲ, 146, ਫੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਮਾਲਕ 'ਸੰਤ ਸਿਪਾਹੀ ਪਬਲਿਕੇਸ਼ਨਸ' ਲਈ 24, ਸ਼ਹੀਦ ਊਧਮ ਸਿੰਘ ਨਗਰ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।*